# ਜੀਵਨ ਕਣੀਆਂ

جیون کنیاں G. 505

ਜਸਵੰਤ ਸਿੰਘ 'ਕੰਵਲ'

891.428
29680

ਪਹਿਲੀ ਵਾਰ
ਮਈ ੧੯੪੪

ਪ੍ਰਕਾਸ਼ਕ—ਸੇਵਾ ਸਿੰਘ
ਸਿੰਘ ਬ੍ਰਦਰਜ਼, ਅਨਾਰਕਲੀ, ਲਾਹੌਰ
ਪ੍ਰਿੰਟਰ—ਗੁਰਕੀਤ ਸਿੰਘ 'ਭਾਈ'
ਮਾਨਿਰਵਾ ਪ੍ਰੈਸ, ਚੀਲ ਮੰਡੀ, ਅੰਮ੍ਰਿਤਸਰ

## ਪ੍ਰਵੇਸ਼

ਜ਼ਿੰਦਗੀ ਹੈ ਸੁਖ ਦੀ ਤੀਬਰ ਖ਼ਾਹਸ਼ ਜਾਂ ਸੁਖ-ਆਸ਼ਾ ਦਾ ਅਮਲ ਵਿਚ ਉਲਟ ਜਾਣਾ । ਇਕ ਭਟਕਣਾ ਹੈ ਕਿ ਸਦਾ ਬੇਚੈਨ ਮਚਲਦੀ ਰਹਿੰਦੀ ਹੈ । ਖ਼ਿਆਲ ਦਾ ਵਿਕਾਸ਼ ਇਕ ਢੂੰਡ ਪਿਛੇ ਆਪਣੀ ਲਗਨ ਤਿਆਗਦਾ ਨਹੀਂ । ਨਿਯਮ ਹਨ, ਮਨੋਰਥ ਪ੍ਰਾਪਤੀ ਫ਼ੌਜੀਆਂ ਵਾਂਗ ਤਰਤੀਬ ਵਿਚ ਚਲ ਰਹੇ । ਏਹੀ ਇਕ ਅਮਰ ਸੱਚ ਹੈ ਕਿ ਕਲਪਨਾ ਅਸਲੀਅਤ ਵਿਚ ਬਦਲ ਜਾਵੇ, ਜਿਸ ਸਦਕਾ ਜ਼ਿੰਦਗੀ ਮੁਸਕ੍ਰਾ ਸਕੇ, ਆਸ਼ਾ-ਕਲੀਆਂ ਆਪਣਾ ਨਿਖਾਰ ਜੋਬਨ ਤੇ ਵੇਖ ਸੱਕਣ । ਆਤਮਾ ਚਿਰ ਸਥਾਈ ਤਸੱਲੀ ਵਿਚ ਮਸਤ ਰਹੇ । ਆਪੇ ਤੇ ਇਕ ਵਜਦ ਦਾ ਛਾ ਜਾਣਾ ਹੀ ਪਿਆਰ-ਸੰਤੋਸ਼ ਹੈ, ਜਿਸ ਦੀ ਅਨਭਵਤਾ ਵਿਚ ਅਸੀਂ ਮੁੜ ਮੁੜ ਯਾਦ ਦੇ ਪਰ ਫੈਲਾਂਦੇ ਹਾਂ ।

ਪਿਆਰ ਦਾ ਚਾਨਣ ਜ਼ਿੰਦਗੀ ਦਾ ਰਹਿਬਰ ਹੀ ਨਹੀਂ, ਸਗੋਂ ਇਸ ਦੀ ਪੂਰਨਤਾ ਭੀ ਹੈ । ਪਿਆਰ ਦਾ ਨਸ਼ਾ ਇਕੱਲੇ ਮਨੁੱਖ ਤੇ ਹੀ ਜਾਦੂ ਨਹੀਂ, ਸਾਰੀ ਕੁਦਰਤ ਤੇ ਭਾਰੂ ਹੈ । ਪਿਆਰ ਹੀ ਅਨੰਤ ਖ਼ੁਸ਼ੀ ਹੈ । ਮਨੁੱਖ ਦੇ ਕੁਦਰਤੀ ਬੇਵਸ ਜਜ਼ਬੇ ਦਾ ਜੋਬਨ ਤੇ ਆ ਜਾਣਾ ਹੀ ਜ਼ਿੰਦਗੀ ਦਾ ਸ਼ੁਰੂ ਹੁੰਦਾ ਹੈ । ਉਹ ਹਰ ਥਾਂ ਹੁਸਨ ਬਣ ਜਾਂਦਾ ਹੈ, ਜਿਥੇ ਪਿਆਰ ਤੇ ਰੂਹ ਮਿਲਦੇ ਹਨ ।

ਨਗ਼ਮਾ ਹੈ ਕਿ ਸਾਰੀ ਸ੍ਰਿਸ਼ਟੀ ਹੀ ਮੇਰੇ ਨਾਲ ਬੇਕਰਾਰ ਹੈ । ਨਗ਼ਮਾ ਕੁਦਰਤ ਦਾ ਹੁਸੀਨ ਸੱਚ ਹੈ । ਮੈਂ ਮਸਤ ਹਾਂ ਸਰੋਦ ਵਿਚ ਵਦੀਰਣ । ਪਰ ਮੂੰਹੋਂ 'ਆਹ' ਦਾ ਨਿਕਲਿਆ ਸ਼ਬਦ ਜ਼ਿੰਦਗੀ

ਨੂੰ ਕਤਲ ਕਰ ਕੇ ਲੰਘ ਜਾਂਦਾ ਹੈ । ਨਗ਼ਮਾ ਹੈ, ਕਿ ਮੁੜ ਮੁਰਦੇ ਜਿਸਮ ਵਿਚ ਜ਼ਿੰਦਗੀ ਦੀਆਂ ਕੰਬਣੀਆਂ ਛਿੜਦੀਆਂ ਹਨ ।

ਹਿਰਦੇ-ਮਧ ਦੇ ਚਸ਼ਮੇ ਵਿਚ ਜਵਾਰ ਭਾਟਾ ਆ ਜਾਂਦਾ ਹੈ, ਜਿਸ ਨੂੰ ਚਟ ਚਟ ਰੂਹ ਸੁਰਗ-ਅੰਮ੍ਰਿਤ ਨੂੰ ਭੁਲ ਜਾਂਦੀ ਹੈ ।

ਜ਼ਿੰਦਗੀ ਹੈ ਕਿ ਜਿਸ ਦਾ ਸਵਾਦ ਸ਼ਬਦਾਂ ਵਿਚ ਕੈਦ ਨਹੀਂ ਕੀਤਾ ਜਾ ਸਕਦਾ । ਅਜੀਬ ਗੱਲ, ਸਵਾਦ ਦਾ ਕਲਮ ਜਾਂ ਜ਼ਬਾਨ ਰਾਹੀਂ ਪ੍ਰਗਟ ਹੋਣਾ ਕਿੰਨੀ ਮੂਰਖਤਾ, ਕਿ ਜਿਸ ਫੁਲ ਦੀ ਸੁਗੰਧੀ ਸੁੰਘ ਕੇ ਪ੍ਰਸੰਨ ਹੁੰਦੇ ਹਾਂ ਉਸ ਨੂੰ ਦੰਦਾਂ ਨਾਲ ਚਿੱਥ ਕੇ ਭੀ ਓਹੀ ਸੁਆਦ ਮਾਨਣਾ ਚਾਹੁੰਦੇ ਹਾਂ । ਕੁਦਰਤ ਦੇ ਨਿਯਮ ਦੀ ਬਗ਼ਾਵਤ ਹੀ ਮੂਰਖ ਗ਼ਲਤੀ ਹੁੰਦੀ ਹੈ ।

'ਜ਼ਿੰਦਗੀ ਦੀ ਤਾਰੀਫ਼ ਸਦਾ ਅਧੂਰੀ ਰਹੇਗੀ, ਭਾਵੇਂ ਕਲਪਨਾ ਪੂਰਨਤਾ ਨੂੰ ਭੀ ਕਿਉਂ ਨਾ ਛੋਹ ਲਵੇ ।

ਹੋ ਸਕਦਾ ਹੈ, ਜੋ ਕੁਝ ਮੈਂ ਲਿਖਿਆ ਹੈ, ਉਸ ਵਿਚ ਬਹੁਤ ਕੁਝ ਗ਼ਲਤ ਹੋਵੇ । ਪਰ ਗ਼ਲਤ ਸਹੀ ਦੀ ਬੁਨਿਆਦ ਹੀ ਜ਼ਿੰਦਗੀ ਹੈ । ਇਹ ਇਕ ਪੱਛੜੇ ਲਿਖਾਰੀ ਦੇ ਖਿਲਰੇ ਖ਼ਿਆਲਾਂ ਦਾ ਸੰਗ੍ਰਹਿ ਹੈ ਜਾਂ ਹਿਰਦੇ ਦੀਆਂ ਅਣਸਾਂਭੀਆਂ ਲਹਿਰਾਂ ਦਾ । ਪੰਜਾਬੀ ਪਾਠਕ ਪਿਆਰ-ਤੋਹਫਾ ਜਾਣ ਕੇ ਪ੍ਰਵਾਨ ਕਰਨ ।

੧੨ ਮਈ ੧੯੪੪ ਜਸਵੰਤ ਸਿੰਘ 'ਕੰਵਲ'

## ਜਿਸ ਵਿਚ ਪਿਆਰ ਨਾਹੀਂ

ਜ਼ਿੰਦਗੀ ਮੇਰੀ ਤੇ ਮੈਨੂੰ, ਕੁਝ ਅਖ਼ਤਿਆਰ ਨਾਹੀਂ ।
ਖ਼ੁਸ਼ੀਆਂ ਨੇ ਹੋਚ ਸੱਭੇ, ਮਾਇਆ ਭਰੇ ਖ਼ਜ਼ਾਨੇ;
ਦੁਨੀਆਂ ਹੈ ਕੈਦਖ਼ਾਨਾ, ਇਸ ਵਿਚ ਜੇ ਪਿਆਰ ਨਾਹੀਂ ।
ਮਹਿਫਲ ਉਹ ਛੱਡ ਦੇ ਪਾਗਲ, ਸਾਕੀ ਨੂੰ ਕਹਿ ਸਲਾਮ;
ਹੁਣ ਹੀ ਉਹ ਤੋੜ ਪਿਆਲਾ, ਜਿਸ ਵਿਚ ਖ਼ੁਮਾਰ ਨਾਹੀਂ ।
ਬੇ-ਪਿਆਰ ਹੁਸਨ ਆਖ਼ਰ, ਗੁੰਗੀ ਸਤਾਰ ਕਿਸ ਕੰਮ;
ਉਸ ਨੂੰ ਕੀ ਰੋਣਾ ਬੁਲਬੁਲ, ਜਿਸ ਗੁਲ ਬਹਾਰ ਨਾਹੀਂ ।
ਇਕ ਬੇਵਸੀ ਦਾ ਸਦਕਾ ਚਿਰ ਤੋਂ ਖ਼ਾਮੋਸ਼ ਹਾਂ ਮੈਂ;
ਨਗ਼ਮੇ ਹਜ਼ਾਰਾਂ ਦਿਲ ਵਿਚ, ਪਰ ਕੋਲੇ ਸਤਾਰ ਨਾਹੀਂ ।
ਵਾਪਸ ਤੂੰ ਕਰਦੇ ਜੀਵਨ, ਜਿਸ ਨੇ ਇਹ ਬਖ਼ਸ਼ਿਆ ਏ;
'ਲੈਣਾ ਨਹੀਂ ਐਸਾ ਬਾਵਾ! ਜਿਸ ਵਿਚ ਪਿਆਰ ਨਾਹੀਂ ।'

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.